ਮਾਤਾ ਸੁੰਦਰੀ ਕਾਲਜ ਫਾਰ ਵੂਮੈਨ

*(ਦਿੱਲੀ ਯੂਨੀਵਰਸਿਟੀ)*

## ਈ-ਜਰਨਲ

# ਆਰਸੀ

## 2019

## ਪੰਜਾਬੀ ਵਿਭਾਗ

MATA SUNDRI COLLEGE



ਵਿਦਿਆਰਥੀ ਸੰਪਾਦਕ

ਹਰਪ੍ਰੀਤ ਕੌਰ

ਹੁਸਨਾ

ਸੰਪਾਦਕ

ਡਾ. ਵਿਨਾਕਸ਼ੀ ਸ਼ਰਮਾ



# ਮਾਤਾ ਸੁੰਦਰੀ ਜੀ

(1667-1747)

MATA SUNDRI COLLEGE

MATA SUNDRI COLLEGE



ਮਾਤਾ ਸੁੰਦਰੀ ਕਾਲਜ ਦੇ ਪੰਜਾਬੀ ਵਿਭਾਗ ਦਾ ਇਹ ਈ-ਜਰਨਲ (e-Journal) ਆਰਸੀ ਸ਼ਾਨਦਾਰ ਤੇ ਸ਼ਲਾਘਾਯੋਗ ਯਤਨ ਹੈ ਜਿਸ ਨੂੰ ਰਿਲੀਜ਼ ਕਰਦਿਆਂ ਪੰਜਾਬੀ ਵਿਭਾਗ, ਇਸ ਦੇ ਮੁਖੀ ਡਾ. ਅਮਰਬੀਰ ਕੌਰ ਤੇ ਖਾਸ ਤੌਰ 'ਤੇ ਇਸ ਦੇ ਸੰਪਾਦਕ ਡਾ. ਵਿਨਾਕਸ਼ੀ ਸ਼ਰਮਾ ਨੂੰ ਹਾਰਦਿਕ ਵਧਾਈ ਦਿੰਦੀ ਕਾਮਨਾ ਕਰਦੀ ਹਾਂ ਕਿ ਉਹ ਭਵਿੱਖ 'ਚ ਆਪਣੀ ਹਰ ਕੋਸ਼ਿਸ਼ ਵਿਚ ਸਫ਼ਲ ਹੋਣ।

**ਡਾ. ਹਰਪ੍ਰੀਤ ਕੌਰ**

**ਪ੍ਰਿੰਸੀਪਲ**



*ਵਿਦਿਆ ਵੀਚਾਰੀ ਤਾਂ ਪਰਉਪਕਾਰੀ*

# ਮਹਾਨ ਦਾਰਸ਼ਨਿਕ
# ਗੁਰੂ ਨਾਨਕ ਸਾਹਿਬ

ਡਾ. ਵਿਨਾਕਸ਼ੀ ਸ਼ਰਮਾ

**ਸੰਸਾਰ** ਵਿਚ ਕੁਝ ਸ਼ਖਸੀਅਤਾਂ ਅਜਿਹੀਆਂ ਪੈਦਾ ਹੁੰਦੀਆਂ ਹਨ ਜੋ ਆਪਣੀ ਛੋਹ, ਆਪਣੇ ਉਪਦੇਸ਼ਾਂ ਤੇ ਗਿਆਨ ਨਾਲ ਸੰਸਾਰ ਵਿਚ ਕ੍ਰਾਂਤੀ ਲਿਆਉਣ ਦੀ ਸਮਰੱਥਾ ਰੱਖਦੀਆਂ ਹਨ। ਗੁਰੂ ਨਾਨਕ ਦੇਵ ਜੀ ਉਨ੍ਹਾਂ ਸ਼ਖਸੀਅਤਾਂ ਵਿਚੋਂ ਇਕ ਮਹਾਨ ਸ਼ਖਸ ਸਨ ਜਿਨ੍ਹਾਂ ਨੇ ਆਪਣੀ ਛੋਹ ਨਾਲ ਹਿੰਦੁਸਤਾਨ ਦੀ ਧਰਤੀ ਨੂੰ ਨਵਾਜ਼ਿਆ ਤੇ ਕ੍ਰਾਂਤੀ ਲਿਆਂਦੀ।ਬਕੌਲ ਭਾਈ ਗੁਰਦਾਸ :

ਸਤਿਗੁਰੁ ਨਾਨਕੁ ਪ੍ਰਗਟਿਆ ॥
ਮਿਟੀ ਧੁੰਧੁ ਜਗਿ ਚਾਨਣੁ ਹੋਆ ॥

ਜਦੋਂ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ ਤਾਂ ਉਸ ਸਮੇਂ ਸੰਸਾਰ ਵਿਚ ਝੂਠ, ਫਰੇਬ, ਜ਼ੁਲਮ, ਅਧਰਮ ਪਾਖੰਡ ਦਾ ਹਨੇਰਾ ਛਾਇਆ ਹੋਇਆ ਸੀ ਤੇ ਉਨ੍ਹਾਂ ਦੇ ਆਗਮਨ ਨਾਲ ਸੰਸਾਰ ਵਿਚੋਂ ਇਨ੍ਹਾਂ ਅਲਾਮਤਾਂ ਦਾ ਅੰਧਕਾਰ ਛਟ ਗਿਆ, ਜੱਗ ਵਿਚ ਰੋਸ਼ਨੀ ਛਾ ਗਈ, ਬਿਲਕੁਲ ਉਸੇ ਤਰ੍ਹਾਂ ਜਿਵੇਂ ਸੂਰਜ ਨਿਕਲਣ ਨਾਲ ਤਾਰੇ ਛਿਪ ਜਾਂਦੇ ਹਨ ਤੇ ਹਨ੍ਹੇਰਾ ਦੂਰ ਹੋ ਜਾਂਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਨਾਲ ਅਗਿਆਨਤਾ ਦਾ ਹਨ੍ਹੇਰਾ ਖ਼ਤਮ ਹੋ ਗਿਆ ਤੇ ਗਿਆਨ ਦੇ ਪ੍ਰਕਾਸ਼ ਦੇ ਨਾਲ ਧਰਮ ਲੋਕਾਈ ਰੋਸ਼ਨਾਈ ਗਈ, ਸੱਚ ਦੇ ਪ੍ਰਕਾਸ਼ ਨਾਲ ਝੂਠ ਦਾ ਹਨ੍ਹੇਰਾ ਦੂਰ ਹੋ ਗਿਆ। ਗੁਰੂ ਨਾਨਕ ਨੇ ਸਮੂਹ ਧਰਮਾਂ ਨੂੰ ਮੰਨਣ ਵਾਲਿਆਂ ਨੂੰ ਸਰਬ ਸਾਂਝੀਵਾਲਤਾ ਦਾ ਪੈਗ਼ਾਮ ਤੇ ਸਦਭਾਵਨਾ ਕਾਇਮ ਰੱਖਣ, ਸੱਚੀ ਕਿਰਤ ਕਰਨ, ਪ੍ਰੇਮ ਪਿਆਰ ਨਾਲ ਜਿਉਣ ਦਾ ਸੁਨੇਹਾ ਦਿੱਤਾ। ਕਿਰਤ ਕਰ ਕੇ ਖਾਣ ਨੂੰ ਵੱਡਾ ਦੱਸਿਆ, ਬੇਗਾਨਾ ਹੱਕ ਖਾਣ ਦੀ ਨਿੰਦਿਆ ਤੇ ਜ਼ਰੂਰਤਮੰਦ ਗਰੀਬਾਂ ਦੀ ਸਹਾਇਤਾ ਕਰਨ ਨੂੰ ਸੁੱਚਾ ਦੱਸਿਆ।

ਇਸ ਲਈ ਸੂਝਵਾਨ ਹਿੰਦੂਆਂ ਨੇ ਗੁਰੂ ਨਾਨਕ ਨੂੰ 'ਗੁਰੂ' ਮੰਨਿਆ ਜਦੋਂ ਕਿ ਮੁਸਲਮਾਨਾਂ ਨੇ 'ਪੀਰ' ਕਹਿ ਕੇ ਸਤਿਕਾਰ ਦਿੱਤਾ। ਗੁਰੂ ਸਾਹਿਬ ਨੇ ਆਪਣੇ ਗਿਆਨ ਤੇ ਉਪਦੇਸ਼ ਦੇ ਪ੍ਰਚਾਰ ਦੇ ਵਾਸਤੇ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਅਤੇ ਹਿੰਦੁਸਤਾਨ ਦੇ ਕੋਨੇ-ਕੋਨੇ ਦੀਆਂ ਉਦਾਸੀਆਂ ਕੀਤੀਆਂ। ਝੂਠੇ ਰਸਮ-ਰਿਵਾਜਾਂ ਵਿਚ ਫਸੇ ਮਨੁੱਖਾਂ ਨੂੰ ਉਦੇਸ਼ ਦਿੰਦੇ, ਜਾਗ੍ਰਤ ਕਰਨ ਦਾ ਸੰਕਲਪ ਲਿਆ, ਸਮਾਜਿਕ ਭਰਮਾਂ ਦੀ ਬਜਾਇ ਸੱਚਾ-ਸੁੱਚਾ ਜੀਵਨ ਜਿਉਣ ਦੀ ਰਾਹ ਵਿਖਾਈ। ਜਦੋਂ ਜਨੇਊ ਦੀ ਰੀਤ ਸਾਹਮਣੇ ਆਈ ਤਾਂ ਲੋਕਾਈ ਨੂੰ ਸੱਚੇ ਜਨੇਊ ਦਾ ਧਾਰਨੀ ਹੋਣ, ਸੱਚ 'ਤੇ ਚੱਲਣ ਦਾ ਉਪਦੇਸ਼ ਦਿੱਤਾ, ਪਾਖੰਡ, ਝੂਠ ਅਤੇ ਅਧਰਮ ਦੀ ਆਲੋਚਨਾ ਕੀਤੀ :

ਕਲਿ ਕਾਤੀ ਰਾਜੇ ਕਸਾਈ ਧਰਮ ਪੰਖ ਕਰ ਉਡਰਿਆ।
ਕੂੜ ਅਮਾਵਸੁ ਸਚੁ ਚੰਦਰਮਾ ਦੀਸੇ ਨਾਹੀ ਕਹਿ ਚੜ੍ਹਿਆ॥

ਗੁਰੂ ਨਾਨਕ ਮਹਾਨ ਦਾਰਸ਼ਨਿਕ ਸਨ ਜਿਨ੍ਹਾਂ ਨੇ ਸਮੇਂ ਦੇ ਮੁਗ਼ਲ ਬਾਦਸ਼ਾਹ ਬਾਬਰ ਦੇ ਹਮਲੇ ਦੀ ਸਖ਼ਤ ਮੁਜ਼ੱਮਤ ਕੀਤੀ :

ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੇ ਦਾਨ ਵੇ ਲਾਲੋ
ਸਰਮ ਧਰਮੁ ਦੁਇ ਛਪਿ ਖਲੋਏ ਕੂੜ ਫਿਰੈ ਪਰਧਾਨੁ ਵੇ ਲਾਲੋ

'ਏਕ ਪਿਤਾ ਏਕਸ ਕੇ ਹਮ ਬਾਰਕ' ਜਾਂ ਸਥਨਾ ਜੀਆ ਕਾ ਇਕ ਦਾਤਾ' ਦਾ ਪੈਗਾਮ ਦੇਣ ਵਾਲੇ ਗੁਰੂ ਸਾਹਿਬ ਜਾਤ-ਪਾਤ, ਵੈਰ-ਵਿਰੋਧ, ਊਚ-ਨੀਚ ਤੋਂ ਉੱਤੇ ਸਨ ਜਿਨ੍ਹਾਂ ਨੇ ਵੇਈਂ ਨਦੀ 'ਚੋਂ ਵਾਪਸ ਆਉਂਦੇ ਹੀ 'ਸਭੇ ਸਾਂਝੀਵਾਲ ਸਦਾਇਨ' ਦਾ ਉਪਦੇਸ਼ ਦਿੱਤਾ-ਕਿ ਧਰਮ ਇਕ ਅੰਤਰਮੁਖੀ ਅਨੁਭਵ ਹੈ। ਨਾ ਕੋਈ ਹਿੰਦੂ ਤੇ ਨਾ ਹੀ ਮੁਸਲਮਾਨ ਹੈ, ਸਾਰੇ ਮਨੁੱਖ ਪਰਮ ਪ੍ਰਮਾਤਮਾ ਦੇ ਭੇਜੇ ਹੋਏ ਤੇ ਬਰਾਬਰ ਹਨ। ਕੋਈ ਭੇਦ-ਭਾਵ ਨਹੀਂ।

ਗੁਰੂ ਨਾਨਕ ਦੇਵ ਜੀ ਨੇ ਇਸਤਰੀ ਦੇ ਦਰਜੇ ਨੂੰ ਉੱਚਾ ਦੱਸ ਕੇ ਉਸਦੇ ਭਵਿੱਖ ਨੂੰ ਸੁਰੱਖਿਅਤ ਕੀਤਾ ਅਤੇ ਗ਼ੈਰਤ ਤੇ ਇੱਜ਼ਤ ਨਾਲ ਜਿਉਣ ਦਾ ਸਨਮਾਨ ਬਖਸ਼ਿਆ। ਇਸਤਰੀ ਦੀ ਸਦੀਆਂ ਤੋਂ ਰੋਲੀ ਜਾਂਦੀ ਆ ਰਹੀ ਇੱਜ਼ਤ ਅਤੇ ਸਭਿਆਚਾਰਕ ਨਜ਼ਰ ਤੋਂ ਲਿਤਾੜੀ ਜਾਣ ਦੀ ਪੀੜਾ ਨੂੰ ਸਮਝਦੇ ਹੋਏ ਸੰਸਾਰ ਵਿਚ ਸਭ ਤੋਂ ਪਹਿਲੀ ਇਸਤਰੀ ਦਾ ਮਾਨਤਾ, ਉੱਚਤਾ ਦੇ ਵੱਲ ਲੋਕਾਈ ਦਾ ਧਿਆਨ ਦਿਵਾਉਂਦੇ ਕਿਹਾ ਕਿ ਉਹ ਕਿਵੇਂ ਮੰਦੀ ਹੋ ਸਕਦੀ ਹੈ, ਜਿਸਨੇ ਰਾਜਿਆਂ ਨੂੰ ਵੀ ਜਨਮ ਦਿੱਤਾ ਹੈ। ਇਸ ਸੰਸਾਰ ਵਿਚ ਜੋ ਵੀ ਮਨੁੱਖ ਜਨਮ ਲੈਂਦਾ ਹੈ ਉਸ ਵਿਚ ਇਸਤਰੀ ਦਾ ਮੁੱਖ ਰੋਲ ਹੁੰਦਾ ਹੈ, ਫਿਰ ਉਸਨੂੰ ਮੰਦਾ ਕਿਉਂ ਕਿਹਾ ਜਾਵੇ। ਗੁਰੂ ਨਾਨਕ ਸਾਹਿਬ ਨੇ ਔਰਤਾਂ ਨੂੰ ਸਮਾਜ ਵਿਚ ਬਰਾਬਰ ਦਾ ਦਰਜਾ ਦੇਣ ਲਈ ਜ਼ੋਰਦਾਰ ਆਵਾਜ਼ ਬੁਲੰਦ ਕੀਤੀ :

'ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ'।

ਆਓ ਇਸ ਸਾਲ ਮੰਗਲਵਾਰ, 12 ਨਵੰਬਰ ਨੂੰ ਗੁਰੂ ਨਾਨਕ ਦੇਵ ਜੀ ਦੇ 550ਵੇਂ ਪਾਵਨ ਗੁਰਪੁਰਬ 'ਤੇ ਗੁਰੂ ਸਾਹਿਬ ਦੇ ਪਾਵਨ ਉਪਦੇਸ਼ਾਂ 'ਤੇ ਅਮਲ ਕਰਕੇ 'ਏਕਸੁ ਪਿਤਾ ਏਕਸ ਕੇ ਹਮ ਬਾਰਕ' ਦਾ ਪੈਗ਼ਾਮ ਪਹੁੰਚਾਉਂਦੇ ਆਪਣੇ ਜੀਵਨ ਨੂੰ ਸਫ਼ਲ ਬਣਾਈਏ। ਆਮੀਨ!

- ਸੰਪਾਦਕ

# ਭੈਣ ਦੀ ਜ਼ੁਬਾਨੀ




ਇਸ ਸੰਸਾਰ ਵਿੱਚ ਕਈ ਰਿਸ਼ਤੇ ਨਾਤੇ ਹਨ ਜਿਸਨੂੰ ਮਨੁੱਖ ਨਿਭਾਉਂਦਾ ਨਿਭਾਉਂਦਾ ਆਪਣੀ ਸਾਰੀ ਜਿੰਦਗੀ ਨੂੰ ਮਾਂ, ਪਿਓ, ਭੈਣ, ਭਰਾ, ਪਤਨੀ, ਬੱਚੇ ਲੇਖੇ ਲਾਉਂਦਾ ਹੈ ਅਤੇ ਆਪਣੀ ਸੰਸਾਰੀ ਕਾਰਜਾਂ ਨੂੰ ਪੂਰਨ ਰੂਪ ਤੇ ਨਿਭਾਉਂਦਾ ਹੋਇਆ ਆਪਣੇ ਫਰਜ਼ਾਂ ਨੂੰ ਪੂਰਾ ਕਰਦਾ ਹੈ। ਇਸ ਸੰਸਾਰ ਵਿਚ ਇਕ ਰਿਸ਼ਤਾ ਅਜਿਹਾ ਵੀ ਹੈ ਜਿਸਨੂੰ ਭਗਵਾਨ ਕ੍ਰਿਸ਼ਨ ਜੀ ਨੇ ਸਮਾਂ ਆਉਣ 'ਤੇ ਨਿਭਾਇਆ ਸੀ ਜਦੋਂ ਦ੍ਰੋਪਦੀ ਨੂੰ ਪਾਂਡਵ ਜੂਏ ਵਿਚ ਹਾਰ ਗਏ ਸਨ ਤਾਂ ਕੌਰਵਾ ਤੋਂ ਬਚਾਉਣ ਲਈ ਭਗਵਾਨ ਕ੍ਰਿਸ਼ਨ ਜੀ ਨੇ ਦ੍ਰੋਪਦੀ ਦੇ ਇਕ ਕਾਤਰ ਦੇ ਬਦਲੇ ਜੋ ਭਗਵਾਨ ਕ੍ਰਿਸ਼ਨ ਜੀ ਨੂੰ ਦ੍ਰੋਪਦੀ ਨੇ ਸੱਟ ਵੱਜਣ ਤੇ ਬੰਨ੍ਹੀ ਸੀ ਉਹ ਉਸਦਾ ਉਧਾਰ ਉਸਦੇ ਆਤਮ ਸਨਮਾਨ ਦੀ ਰੱਖਿਆ ਕਰਦੇ ਹੋਏ ਸਾੜੀ ਦੇ ਥਾਨ ਰੂਪੀ ਉਸਦੀ ਲਾਜ ਬਚਾਉਂਦੇ ਹਨ। ਉਸਦਾ ਉਧਾਰ ਸਪਸ਼ਟ ਹੈ ਕਿ ਉਸ ਸਮੇਂ ਭਗਵਾਨ ਕ੍ਰਿਸ਼ਨ ਨੇ ਇਕ ਪ੍ਰਮਾਤਮਾ ਨਹੀਂ ਸਗੋਂ ਇਕ ਭਰਾ ਦੇ ਰਿਸ਼ਤੇ ਵਜੋਂ ਦ੍ਰੋਪਦੀ ਦੀ ਲਾਜ ਬਚਾਈ ਸੀ ਕਿਉਕਿ ਦ੍ਰੋਪਦੀ ਨੇ ਭਗਵਾਨ ਕ੍ਰਿਸ਼ਨ ਨੂੰ ਆਪਣਾ ਭਰਾ ਬਣਾਇਆ ਸੀ ਅਤੇ ਉਹ ਭਰਾ ਸਮੇਂ ਆਉਣ ਤੇ ਆਪਣੇ ਫਰਜ਼ ਨੂੰ ਅੱਧਾ ਕਰਦਾ ਹੈ।

ਸਾਡੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਕੁਝ ਇਸੀ ਤਰ੍ਹਾਂ ਇਸ ਭੈਣ ਭਰਾ ਦੇ ਰਿਸ਼ਤੇ ਨੂੰ ਬੜਾ ਸਨਮਾਨ ਦਿੱਤਾ ਹੈ। ਜਦੋਂ ਵੀ ਭੈਣ ਨਾਨਕੀ ਆਪਣੇ ਭਰਾ ਦੀ ਉਡੀਕ ਕਰਦੀ ਹੋਈ ਤਵੇ ਤੇ ਫੁਲਕਾ ਪਾਉਂਦੀ ਸੀ ਉਸੀ ਸਮੇਂ ਦਰਵਾਜੇ 'ਤੇ ਗੁਰੂ ਨਾਨਕ ਦੇਵ ਜੀ ਦਸਤਕ ਦਿੰਦੇ ਸਨ। ਇਹ ਇਸ ਗੱਲ ਦਾ ਪ੍ਰਤੀਕ ਹੈ ਕਿ ਹੋਣ ਵਾਲੇ ਆਤਮ ਸੰਕੇਤ ਇਸ ਰਿਸ਼ਤੇ ਦੇ ਭਾਵਾਂ ਨੂੰ ਪੇਸ਼ ਕਰਦੇ ਹਨ। ਇਸੇ ਤਰ੍ਹਾਂ ਭੈਣਾਂ ਭਰਾਵਾਂ ਦਾ ਇਹ ਰਿਸ਼ਤਾ ਆਪਣੇ ਆਪ ਵਿਚ ਹੀ ਬਹੁਤ ਖਾਸ ਹੁੰਦਾ ਹੈ ਕਿਉਂਕਿ ਭੈਣ ਭਰਾ ਜਿਨ੍ਹਾਂ ਵੀ ਲੜ ਲੈਣ ਫਿਰ ਵੀ ਇਸ ਰਿਸ਼ਤੇ ਵਿਚ ਕੋਈ ਖਟਾਸ ਨਹੀਂ ਆਉਂਦੀ। ਭਰਾ ਭੈਣ ਨੂੰ ਤੰਗ ਕਰਦਾ, ਉਸ ਨਾਲ ਲੜਦਾ ਹੈ, ਰੋਕਦਾ-ਟੋਕਦਾ ਹੈ, ਖਿਜਾਂਦਾ ਹੈ। ਇਸ ਸਭ ਦੇ ਬਾਵਜੂਦ ਕੁਝ ਵੀ ਹੋਵੇ ਭਰਾ ਆਪਣੀ ਭੈਣ ਨੂੰ ਜਿਨ੍ਹਾਂ ਵੀ ਰਵਾ ਲੇ ਪਰ ਉਸਦੀ ਭੈਣ ਨੂੰ ਕੋਈ ਹੋਰ ਰਵਾ ਲੇ ਇਹ ਉਸਨੂੰ ਮਨਜ਼ੂਰ ਨਹੀਂ ਹੁੰਦਾ। ਇਸ ਰਿਸ਼ਤੇ ਵਿਚ ਕੋਈ ਬਟਵਾਰਾ ਨਹੀ ਹੁੰਦਾ ਸਭ ਕੁਝ ਸਾਂਝਾ ਹੁੰਦਾ ਹੈ ਕਿਉਂਕਿ ਜਨਮ ਤਾਂ ਦੋਹਾਂ ਇਕੋ ਕੁਖੋ ਲਿਆ ਹੁੰਦਾ ਹੈ ਜਿਸ ਵਿਚ ਮਾਂ ਤਾਂ ਇਕ ਹੁੰਦੀ ਹੈ ਜਿਸਦਾ ਪਿਆਰ ਆਪਣੇ ਦੋਹਾਂ ਬੱਚਿਆ ਲਈ ਸਾਂਝਾ ਹੁੰਦਾ ਹੈ ਜਿਸ ਦਾ ਕੋਈ ਬਟਵਾਰਾ ਨਹੀ ਹੁੰਦਾ।

**ਆਸ ਕੌਰ**
ਤੀਜਾ ਸਾਲ
ਪੰਜਾਬੀ ਆਨਰਜ

MATA SUNDRI COLLEGE

# ਧੀਆਂ



ਧੀਆਂ ਤੋਂ ਬਣਦੀਆਂ ਧੀਆਂ
ਧੀਆਂ ਤੋ ਬਣਦੇ ਜੀਅ
ਤਾਂ ਹੀ ਰੱਬ ਨੇ ਬਣਾਈ ਧੀ....

ਜੇ ਧੀਆਂ ਨੂੰ ਮਾਰ ਮੁਕਾਉਣਾ
ਫਿਰ ਪੁੱਤਾਂ ਨੂੰ ਕਿਵੇਂ ਵਿਆਹੁਣਾ

ਗੱਲ ਸੋਚਣ ਵਾਲੀ ਲੋਕੋ
ਨਾ ਰੱਬ ਦੇ ਕਾਰਜ ਰੋਕੋ

ਓਸ ਰੱਬ ਦਾ ਸ਼ੁਕਰ ਮਨਾਓ
ਧੀਆਂ ਦੇ ਪੁੰਨ ਕਮਾਓ...

ਸਰਬਪ੍ਰੀਤ ਕੌਰ
ਪੰਜਾਬੀ ਆਨਰਜ
ਤੀਜਾ ਸਾਲ

## ਅਣਜਾਣੀ ਖੁਸ਼ੀ ਜਾਂ ਡਰ

ਮੈਂ ਤੇ ਮੇਰਾ ਕਾਲਜ
ਜਵਾਨ ਉਮੰਗਾਂ, ਤਰੰਗਾਂ ਦਾ ਸ਼ੋਰ
ਸ਼ੁਰੂਆਤੀ ਦੌਰ
ਰੱਬ ਨਹੀਂ ਹੈ ਚੇਤੇ
ਤਿਤਲੀਆਂ 'ਤੇ ਉਡਣ ਭੌਰ

ਮੈਂ ਤਾਂ ਚਾਹੁੰਦੀ ਹਾਂ ਅਜੇ ਪੜ੍ਹਨਾ
ਪਰ ਸ਼ੁਰੂ ਹੋਣ ਲੱਗਿਐ ਮੁੜ ਨਵਾਂ ਦੌਰ
ਇਹਨੂੰ ਗ੍ਰਹਿਸਥੀ ਜੋਬਨ ਕਹਾਂ ਜਾਂ ਨਵੀਂ ਦੁਨੀਆਂ
ਖੁਸ਼ੀਆਂ ਆਈਆਂ, ਅਜੀਬ ਡਰ ਨੇ ਚੱਕਿਆ ਤੌਰ

ਇਕ ਅਣਜਾਣੇ ਗੱਭਰੂ ਨਾਲ
ਹੋਣਾ ਨਵੀਂ ਜ਼ਿੰਦਗੀ ਦਾ ਆਗਾਜ਼
ਅਹੁਦੇ 'ਚ ਚਾਹੇ ਉਹ ਵੱਡਾ
ਗਿਆਨ ਮੇਰੇ 'ਚ ਵੀ ਤਾਂ ਨਹੀਂ ਘਾਟ
ਜ਼ਿੰਦਗੀ ਦੋਰਾਹੇ 'ਤੇ ਖੜ੍ਹੀ ਲੈਂਦੀ ਇਮਤਿਹਾਨ
'ਹੁਸਨਾ' ਤੇਰੀ ਪੜ੍ਹਾਈ ਦਾ ਨਹੀਂ ਕੋਈ ਕਦਰਦਾਨ।

ਹੁਸਨਾ
ਵਿਦਿਆਰਥੀ ਸੰਪਾਦਕ

# ਭਾਸ਼ਾ ਦਾ ਮਹੱਤਵ





ਭਾਸ਼ਾ ਮਨੁੱਖ ਦੀ ਜ਼ਿੰਦਗੀ ਵਿਚ ਬਹੁਤ ਹੀ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ ਜਿਸਦੇ ਰਾਹੀਂ ਮਨੁੱਖ ਆਪਣੀਆਂ ਭਾਵਨਾਵਾਂ ਦੂਜਿਆਂ ਨੂੰ ਪ੍ਰਗਟ ਕਰਦਾ ਹੈ ਤਾਂ ਜੋ ਆਪਣੇ ਰੀਤੀ-ਰਿਵਾਜ, ਰਿਸ਼ਤੇ-ਨਾਤੇ ਚੰਗੇ ਤਰੀਕੇ ਨਾਲ ਨਿਭਾ ਸਕੇ, ਆਪਣੇ ਬੱਚਿਆਂ ਨੂੰ ਵੀ ਇਸਦੀ ਜਾਣਕਾਰੀ ਦੇ ਸਕੇ, ਤਾਂ ਜੋ ਉਹ ਆਪਣਾ ਵਿਰਸਾ ਸਾਂਭ ਸਕਣ। ਜੇਕਰ ਸਾਨੂੰ ਆਪਣੀ ਮਾਂ ਬੋਲੀ ਦੀ ਸਮਝ ਹੋਵੇਗੀ ਤਾਂ ਹੀ ਆਪਾਂ ਆਪਣੇ ਧਰਮਾਂ ਨਾਲ ਚੰਗੀ ਤਰ੍ਹਾਂ ਜੁੜ ਸਕਾਂਗੇ। ਹਰ ਇਕ ਵਿਰਸੇ ਦੇ ਤਿਉਹਾਰ, ਲੋਕ ਤਿਉਹਾਰ, ਲੋਕ ਗੀਤ, ਭਾਸ਼ਾ ਦੇ ਰਾਹੀਂ ਯਾਦ ਰੱਖੇ ਤੇ ਨਿਭਾਏ ਜਾਂਦੇ ਹਨ। ਜੇਕਰ ਭਾਸ਼ਾ ਦਾ ਗਿਆਨ ਨਾ ਹੋਵੇ ਤਾਂ ਅਸੀਂ ਆਪਣੇ ਵਿਰਸੇ ਨੂੰ ਨਹੀਂ ਜਾਣ ਸਕਦੇ। ਇਸ ਕਰਕੇ ਭਾਸ਼ਾ ਇੱਕ ਸੜਕ ਦਾ ਕੰਮ ਕਰਦੀ ਹੈ ਸਾਨੂੰ ਆਪਣੇ ਵਿਰਸੇ ਤੱਕ ਪਹੁਚਾਉਣ ਲਈ।

ਹਰਕਿਰਤ ਕੌਰ
**ਬੀ. ਏ - ਪਹਿਲਾ ਸਾਲ**

MATA SUNDRI COLLEGE

# ਸ਼ਹੀਦ ਭਗਤ ਸਿੰਘ




ਮੇਰੇ ਦਾਦੇ ਦੇ ਜਨਮ ਵੇਲੇ
ਤੂੰ ਬਾਰਾਂ ਵਰ੍ਹਿਆਂ ਦਾ ਸੀ

ਮੈਂ ਹਰ ਜਨਮ ਦਿਨ 'ਤੇ
ਬੁਢਾਪੇ ਵੱਲ ਇਕ ਸਾਲ ਵਧਦਾ ਹਾਂ

ਸ਼ਹੀਦੀ ਖੂਨ ਨਾਲ ਭਿੱਜੀ
ਤੂੰ ਹਰ ਸ਼ਹੀਦੀ ਦਿਨ ਤੇ

ਜਲ੍ਹਿਆਂ ਵਾਲੇ ਬਾਗ ਦੀ
24 ਸਾਲਾਂ ਭਰ ਜਵਾਨ ਗੱਭਰੂ ਹੁੰਦਾ ਹੈਂ

ਮਿੱਟੀ ਨਮਸਕਾਰਦਾ
ਉਂਜ ਅਸੀਸ ਤਾਂ ਸਾਰੀਆਂ ਮਾਵਾਂ ਦਿੰਦੀਆਂ

ਦਾਦਾ ਬਾਰਾਂ ਵਰਿਆ ਦਾ ਹੋਇਆ
ਜਿਉਂਦਾ ਰਹੇ ਸਦਾ ਜਵਾਨੀਆਂ ਮਾਣੇ

ਤੂੰ 24 ਸਾਲਾ ਭਰ ਜਵਾਨ ਗੱਭਰੂ ਸੀ
ਪਰ ਤੂੰ ਸੱਚਮੁੱਚ ਜਿਉਂਦਾ ਹੈਂ

ਤੇਰਾ ਸ਼ਹੀਦੀ ਵੇਲਾ ਸੀ
ਭਰ ਜਵਾਨ ਗੱਭਰੂ

ਦਾਦਾ ਗੱਭਰੂ ਹੋਇਆ ਤਾਂ ਵੀ ਤੂੰ
ਸਦਾ ਜੁਆਨੀਆਂ ਮਾਣਦਾ ਹੈਂ !

24 ਸਾਲਾ ਭਰ ਜਵਾਨ ਗੱਭਰੂ ਸੀ
ਜਿਹੜਾ ਅਜੇ ਪੈਦਾ ਹੋਣਾ

ਮੇਰੇ ਪਿਤਾ ਦੇ ਗੱਭਰੂ ਹੋਣ ਵੇਲੇ ਵੀ
ਉਹਨਾਂ ਗੱਭਰੂ ਦੇ ਵੀ ਹਾਣਦਾ ਹੈ !

ਤੂੰ 24 ਸਾਲਾ ਭਰ ਜਵਾਨ ਗੱਭਰੂ ਸੀ
ਮੈਂ 24 ਸਾਲਾ ਦਾ ਹੋਇਆ
ਤਾਂ ਵੀ ਤੂੰ 24 ਸਾਲਾ ਜਵਾਨ ਗੱਭਰੂ ਸੀ
ਮੈਂ 25, 26, 27...37 ਸਾਲਾਂ ਦਾ ਹੋਇਆ
ਤਾਂ ਵੀ ਤੂੰ 24 ਸਾਲਾ ਜਵਾਨ ਗੱਭਰੂ ਸੀ

**- ਪਰਨੀਤ ਕੌਰ**
**ਬੀ. ਏ - ਪਹਿਲਾ ਸਾਲ**

# ਰੁੱਖ



ਧਰਤੀ ਸੰਗ ਅਸਤਿਤਵ ਵਿਚ ਆਏ
ਕੁਦਰਤ ਵੱਲੋਂ ਬਣਦੀ ਹੈ ਹਰ ਰੁੱਖਾਂ ਦੀ ਦਵਾਈ

ਹੁੰਦਾ ਹੈ ਪਰਤੀਤ
ਲਛਮਣ ਵਰਗੇ ਯੋਧੇ ਦੀ ਬੂਟੀ ਨੇ ਜਾਨ ਬਚਾਈ

ਮਾਨਵਤਾ ਦੀ ਕਰਨਗੇ ਸੇਵਾ, ਰਹਿੰਦੀ ਦੁਨੀਆ ਤੀਕ,
ਧਰਤੀ ਹੇਠੋਂ ਮੁੱਕ ਗਿਆ ਜੇ ਅੰਮ੍ਰਿਤ ਵਰਗਾ ਪਾਣੀ

ਲੋਕਾਂ ਦੇ ਸਿਰ ਉੱਤੇ ਛੱਤ ਨਹੀਂ, ਲੋਕਾਂ ਨੂੰ ਦੇਣ ਸਹਾਰਾ
ਇਸ ਧਰਤੀ ਤੇ

ਜੇ-ਘਰ ਲੋਕੀ ਰੁੱਖਾਂ ਥੱਲ ਸੋ ਕੇ ਕਰਨ ਗੁਜ਼ਾਰਾ
ਜ਼ਿੰਦਗੀ ਵਾਲੀ ਹੋ ਜਾਊ ਖਤਮ ਕਹਾਣੀ

ਕੁਝ ਰੁੱਖ ਪੁੱਤ ਲਗਦੇ ਨੇ
ਰੁੱਖਾਂ 'ਤੇ ਜਦੋਂ ਮਿਲੇ ਹਰਿਆਲੀ

ਕੁਝ ਰੁੱਖ ਲਗਦੇ ਮਾਵਾਂ
ਜੀਵਨ ਨੂੰ ਉਦੋਂ ਮਿਲੇ ਖੁਸ਼ਹਾਲੀ

ਰੁੱਖ ਤਾਂ ਮੇਰੀ ਮਾਂ ਵਰਗੇ ਨੇ
ਸਭ ਲੋਕਾਂ ਨੂੰ ਸੰਦੇਸ਼ ਪਹੁੰਚਾਓ

ਜਿਉਣ ਰੁੱਖਾਂ ਦੀਵਾਂ ਛਾਵਾਂ
ਰੁੱਖ ਲਗਾਓ ਰੁੱਖ ਲਗਾਓ

ਰੁੱਖ ਦਿੰਦੇ ਸਾਨੂੰ ਫਲ, ਫੁੱਲ
ਰੁੱਖ ਦਾ ਰੱਖੋ ਧਿਆਨ

ਅਤੇ ਠੰਡੀਆਂ ਛਾਵਾਂ
ਸਾਡਾ ਦੇਸ਼ ਬਣੇਗਾ ਮਹਾਨ

ਕਿਵੇਂ ਰੁੱਖਾਂ ਦਾ ਮੈਂ ਕਿੱਦਾ ਕਰਜ ਚੁਕਾਵਾਂ
ਕਰ ਦਿੰਦੇ ਨੇ ਮਨੁੱਖ ਦੇ ਲਈ ਸੁੱਖਾਂ

ਸਭ ਕੁਝ ਹੀ ਕੁਰਬਾਨ
ਅਤੇ ਅਸੀਂ ਧਰਤੀ ਤੇ ਰੁੱਖਾਂ ਦੀ ਸੰਤਾਨ

ਸਾਨੂੰ ਕਿਸੇ ਨੂੰ ਕਿਸੇ ਦਾ ਨਹੀ ਸੁੱਖ
ਜੇਕਰ ਸਾਡੇ ਲਈ ਹੈ ਧਰਤੀ ਉੱਤੇ ਰੁੱਖ

ਜੇਕਰ ਧਰਤੀ ਵਿਚ ਨਾ ਹੋਣਗੇ ਰੁੱਖ
ਤਾਂ ਕਿਸੇ ਨੂੰ ਵੀ ਨਹੀਂ ਮਿਲਦਾ ਸੁੱਖ

- ਸ਼ਿਵਾਨੀ
ਬੀ. ਏ - ਪਹਿਲਾ ਸਾਲ

# ਮਾਂ ਦੇ ਰਾਖੇ



ਉਹ ਰਹਿੰਦੇ ਨੇ ਖੜ੍ਹੇ ਸਰਹੱਦ 'ਤੇ

ਜੋ ਕਰਦੇ ਨੇ ਹਿਫ਼ਾਜ਼ਤ ਹਿੰਦ ਦੀ
ਪੁੱਛੋ ਉਨ੍ਹਾਂ ਸ਼ੇਰ ਦਿਲ ਸਿਪਾਹੀਆਂ

ਕੀ ਹੁੰਦੀ ਹੈ ਅਸਲ ਜ਼ਿੰਦਗੀ
ਛੱਡ ਕੇ ਘਰ ਪਰਿਵਾਰ ਤੇ ਲੋਹੜੀ ਦੇ

ਫਿਕਰਾਂ ਨੂੰ
ਜੋ ਰਹਿੰਦੇ ਨੇ ਖੜ੍ਹੇ ਧੁੱਪ ਛਾਵਾਂ 'ਚ

ਜੋ ਡਰਦੇ ਨਹੀਂ ਤੁਫਾਨਾਂ ਤੋਂ
ਲੜਦੇ ਨੇ ਹੈਵਾਨਾ ਤੋਂ ਕਰਦੇ ਨੇ ਗੱਲਾਂ

ਹਵਾਵਾਂ ਤੋਂ
ਛੇ-ਛੇ ਮਹੀਨੇ, 'ਚੋਂ ਮਿਲਦੀ ਛੁੱਟੀ ਬਸ
ਦੋ ਵਾਰੀ ਚੱਕਰ ਲਗਦਾ ਪਿੰਡ ਦਾ
ਉਹਨੂੰ ਵੀ ਲਗਦੇ ਪਿਆਰੇ ਬੀਵੀ ਬੱਚੇ
ਪਰ ਦੇਸ਼ ਦੇ ਲਈ ਬਹੁਤ ਵੱਧ ਪਿਆਰ
ਉਨ੍ਹਾਂ ਦਾ।

ਕਦੀ ਬਚ ਕੇ ਨਾ ਨਿਕਲ ਜਾਵੇ ਦੁਸ਼ਮਨ

ਨਜ਼ਰਾਂ ਤੋਂ ਉਸਦਾ ਬਸ ਇਕੋ ਹੈ ਸੁਪਨਾ
ਕਦੋਂ ਮਨਾਉਂਦੇ ਨੇ ਤਿਉਹਾਰ

ਪਰਿਵਾਰਾਂ ਦੇ ਨਾਲ
ਕਦੋਂ ਮਨਾਉਂਦੇ ਨੇ ਤਿਉਹਾਰ

ਦੁਸ਼ਮਣਾਂ ਦੇ ਨਾਲ
ਜਦੋਂ ਹੁੰਦੀਆ ਨੇ ਲੜਾਈਆ ਸਰਹੱਦਾਂ 'ਤੇ

ਸਹਿਮ ਜਾਂਦਾ ਉਸ ਮਾਂ ਦਾ ਦਿਲ
ਕਿਵੇਂ ਹੋਊ ਮੇਰਾ ਪੁੱਤਰ ਇਹੋ ਸੋਚਦਾ

ਹਰ ਮਾਂ ਦਾ ਦਿਲ।

– ਮੀਤਾ ਸ਼ਰਮਾ

# ਮਾਂ ਬੋਲੀ ਪੰਜਾਬੀ




ਆ ਪੁੱਤਰਾ ਵੇ ਆ ਕੇ ਗਲੇ ਲੱਗ,
ਮੇਰੀਆਂ ਅੱਖਾਂ ਵਿਚੋਂ ਨੀਰ ਵਹਿੰਦਾ ਏ

ਕੁਝ ਦਰਦ ਦਿਲਾਂ ਵਾਲੇ ਫੋਲ ਫੋਲ ਵੇ।
ਬਚੜੇ ਮਾਂ ਕੋਲੋ ਹਟ ਕੇ ਚਲੇ ਗਏ !

ਮੈਂ ਤੇਰੀ ਮਾਂ ਬੋਲੀ ਪੰਜਾਬੀ ਹਾਂ,
ਮੈਂ ਖਲੋਤੀ ਹੀ ਰਹਿ ਗਈ ਚੰਦ ਸਾਹਵਾਂ ਦੀ ਛੋਹ 'ਤੇ

ਮੈਨੂੰ ਨਾ ਕੱਖਾਂ ਵਾਗੂੰ ਰੋਲ ਵੇ ।
ਉਹ ਮਤਰੇਈ ਦੀ ਝੋਲੀ ਬਹਿ ਕੇ ਚਲੇ ਗਏ !

ਕੱਖ ਵੀ ਉਡਦੇ ਤਾਂ ਨਜ਼ਰੀ ਆਉਂਦੇ ਨੇ,
ਹੁਣ ਤਾਂ ਮੇਰੀ ਰਹਿ ਗਈ ਚੰਦ ਸਾਹਵਾਂ ਦੀ ਡੋਰ ਵੇ

ਮੈਂ ਤਾਂ ਇਤਿਹਾਸ ਵਿਚ ਹੋਈ ਜਾਵਾਂ ਅਲੋਪ ਵੇ
ਤੈਨੂੰ ਕਾਲਜੇ ਲਾਵਾਂ ਮਰਦੀ-ਮਰਦੀ

ਮੇਰੇ ਕੰਨ ਤਰਸਦੇ ਵੇ ਪੁੱਤਰਾ,
ਅਜੇ ਵੀ ਮੇਰੀਆਂ ਬਾਹਵਾਂ ਵਿਚ ਜ਼ੋਰ ਵੇ !

ਆ ਕੇ ਕੁਝ ਤਾਂ ਮੂੰਹੋਂ ਬੋਲ ਵੇ
ਆ ਪੁੱਤਰਾ ਵੇ ਆ ਕੇ ਗਲੇ ਲੱਗ,

ਮੈਂ ਤਾਂ ਤੇਰੀ ਮਾਂ ਬੋਲੀ ਪੰਜਾਬੀ ਹਾਂ,
ਮੇਰੇ ਜਾਇਆ ਤੈਨੂੰ ਪੈਣਗੇ ਹੌਲ ਵੇ !

ਮੈਨੂੰ ਨਾ ਕੱਖਾਂ ਵਾਗੂੰ ਰੋਲ ਵੇ
ਮੈਂ ਤੇਰੀ ਮਾਂ ਬੋਲੀ ਪੰਜਾਬੀ ਹਾਂ,

ਕਦੇ ਮੈਂ ਰਾਜ ਦਰਬਾਰਾਂ ਦੀ ਸ਼ਾਨ ਹੁੰਦੀ ਸਾਂ,
ਮੈਨੂੰ ਨਾ ਕੱਖਾਂ ਵਾਗੂੰ ਰੋਲ ਵੇ ।

ਅੱਜ ਤਾਂ ਲਿਆ ਆਪਣਿਆ ਮੂੰਹ ਮੋੜ ਵੇ !
ਆ ਪੁੱਤਰਾ ਆ ਕੇ ਗਲੇ ਲੱਗ,
ਕੁਝ ਭੇਤ ਦਿਲਾਂ ਦੇ ਖੋਲ੍ਹ ਵੇ !

ਰੁਪਿੰਦਰ ਕੌਰ
**ਬੀ. ਏ - ਪਹਿਲਾ ਸਾਲ**

MATA SUNDRI COLLEGE

# ਜ਼ਿੰਦਗੀ ਦੀਆਂ ਰਾਹਾਂ ’ਤੇ



ਮੇਰੇ ਦੁੱਖਾਂ ਦੀਆਂ ਕਹਾਣੀਆਂ ਦਾ
ਰੁਕਦਾ ਤਾਂ ਨਹੀਂ ਕਾਫਲਾ ਮੇਰੇ ਦਰਦਾਂ ਦਾ
ਮੈਂ ਕੀ-ਕੀ ਦੁੱਖ ਸੁਣਾਵਾਂ
ਮੇਰੇ ਦੁੱਖਾਂ ਦੀਆਂ ਕਹਾਣੀਆਂ ਦਾ,
ਸਮਝਿਆ ਜਿਹਨੂੰ ਮੈਂ ਆਪਣਾ,
ਮੇਂ ਕੀ-ਕੀ ਦੁੱਖ ਸੁਣਾਵਾਂ
ਉਹੀਓ ਡੰਗ ਮਾਰਦਾ ਲੰਘਿਆ।
ਜਿੰਨਾ ਨੇ ਆਖ ਕੇ ਮੈਨੂੰ ਆਪਣਾ
ਚਲਦੀ ਇਸ ਜ਼ਿੰਦਗੀ ਵਿਚ, ਹਰ ਕੋਈ ਇਕੱਲਾ ਹੈ,
ਅੱਧ ਵਿਚਾਲੇ ਛੱਡਿਆ, ਆਉਂਦੇ ਸਾਰੇ ਇਕੱਲੇ,
ਜਾਂਦੇ ਵੀ ਇਕੱਲੇ ਨੇ
ਮੈਂ ਖੜ੍ਹੀ ਇਕੱਲੀ ਉਡੀਕਦੀ, ਵਿਚ ਰਾਹਾਂ,
‘ਦੀਪ’ ਦੀਆਂ ਲਿਖੀਆਂ ਲਾਈਨਾਂ ਦਾ,
ਮੇਰੇ ਦਿਲ ਵਿਚ ਵਸ ਗਿਆ,
ਹੁਣ ਕੀ ਹੱਲ ਹੈ ਨਿਕਲਦਾ,
ਦੁੱਖ ਉਹਨਾਂ ਆਪਣਿਆਂ ਦਾ,
ਮੇਰੇ ਦੁੱਖਾਂ ਦੀਆਂ ਕਹਾਣੀਆਂ ਦਾ,
ਮੈਂ ਕੀ-ਕੀ ਦੁੱਖ ਸੁਣਾਵਾਂ,
ਮੈਂ ਕੀ-ਕੀ ਦੁੱਖ ਸੁਣਾਵਾਂ,
ਮੇਰੇ ਦੁੱਖਾਂ ਦੀਆਂ ਕਹਾਣੀਆਂ ਦਾ,
ਮੈਂ ਕੀ-ਕੀ ਦੁੱਖ ਸੁਣਾਵਾਂ,
ਮੈਂ ਕੀ-ਕੀ ਦੁੱਖ ਸੁਣਾਵਾਂ
ਜ਼ਿੰਦਗੀ ਦੀਆਂ ਰਾਹਾਂ ਦਾ ।

ਜਿੰਨੇ ਵੀ ਮਿਲੇ ਮੈਨੂੰ ਅੱਜ ਤੱਕ,
ਉਹਨਾਂ ਮੈਨੂੰ ਵਰਤਿਆ ਆਪਣੇ ਮਤਲਬ ਤੱਕ ।
ਕੁਝ ਮਿਲੇ ਜਿੰਨਾ ਮੇਰਾ ਦੁੱਖ ਵੰਡਿਆ,
ਪਰ ਉਹ ਮੇਰੇ ਸੀ ਆਪਣੇ ਨਹੀਂ ।


- ਮਨਦੀਪ ਕੌਰ
ਪੰਜਾਬੀ ਆਨਰਜ਼
ਦੂਜਾ ਸਾਲ

# ਪੰਜਾਬੀ ਵਿਭਾਗ ਦੀ

# ਖ਼ੁਸ਼ਆਮਦੀਦ !



ਮਾਤਾ ਸੁੰਦਰੀ ਕਾਲਜ ਦੇ ਪੰਜਾਬੀ ਵਿਭਾਗ ਵੱਲੋਂ ਕਾਲਜ ਨਵੇਂ ਵਿਦਿਆਰਥੀਆਂ ਦੇ ਸਵਾਗਤ 'ਚ ਸਾਹਿਤਕ ਤੇ ਸਭਿਆਚਾਰਕ ਪ੍ਰੋਗਰਾਮ 'ਆਰਸੀ' ਕਰਵਾਇਆ ਗਿਆ ਜਿਸ ਦਾ ਮੰਤਵ ਪੰਜਾਬੀ ਵਿਭਾਗ ਦੇ ਵਿਦਿਆਰਥੀਆਂ ਨੂੰ ਕਾਲਜ ਅਤੇ ਵਿਭਾਗ ਦੀਆਂ ਸਾਹਿਤਕ-ਸਭਿਆਚਾਰਕ ਸਰਗਰਮੀਆਂ ਬਾਰੇ ਦੱਸਣਾ ਸੀ। ਪ੍ਰੋਗਰਾਮ 'ਆਰਸੀ' ਦਾ ਆਗਾਜ਼ ਵਿਦਿਆਰਥੀਆਂ ਨੇ **'ਦੇਹ ਸ਼ਿਵਾ ਬਰ ਮੋਹਿ ਇਹੈ'** ਦੇ ਪਾਵਨ ਸ਼ਬਦ ਨਾਲ ਕੀਤਾ। ਪੰਜਾਬੀ ਵਿਭਾਗ ਦੀ ਕਨਵੀਨਰ ਡਾ. ਅਮਰਬੀਰ ਕੌਰ ਨੇ ਵਿਦਿਆਰਥੀਆਂ ਨੂੰ ਖ਼ੁਸ਼ਆਮਦੀਦ ਕਹਿੰਦਿਆਂ 'ਕਾਲਜ ਦੀ ਸਾਹਿਤਕ ਅਤੇ ਇਤਿਹਾਸਕ ਭੂਮਿਕਾ ਬਾਰੇ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਇਹ ਕਾਲਜ ਮਾਤਾ ਸੁੰਦਰੀ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਹੈ, ਸਾਡੀ ਨਵੀਂ ਪੀੜ੍ਹੀ ਦੀ ਸੱਚੀ ਅਕੀਦਤ ਇਹ ਹੋਵੇਗੀ ਕਿ ਅਸੀਂ ਆਪਣੇ ਸਭਿਆਚਾਰਕ, ਸਾਹਿਤਕ, ਇਤਿਹਾਸਕ ਮੂਲ ਨੂੰ ਪਹਿਚਾਣ ਕੇ ਆਪਣੀਆਂ ਜੜ੍ਹਾਂ ਮਜ਼ਬੂਤ ਕਰੀਏ।

ਪ੍ਰੋਗਰਾਮ 'ਆਰਸੀ' 'ਚ ਵਿਦਿਆਰਥੀਆਂ ਨੇ ਆਪਣੇ ਮਨ ਦੇ ਆਈਨੇ, ਆਰਸੀ 'ਚੋਂ ਜਜ਼ਬਾਤੀ ਰਚਨਾਵਾਂ ਸੁਣਾਈਆਂ। ਵਿਦਿਆਰਥੀਆਂ ਨੇ ਕਵਿਤਾ, ਗੀਤਾਂ ਅਤੇ ਲਘੂ ਨਾਟਕ ਰਾਹੀਂ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ। ਇਨ੍ਹਾਂ ਵਿਦਿਆਰਥੀਆਂ ਦੀ ਕਲਮਾਂ 'ਚੋਂ ਪੰਜਾਬੀ ਬੋਲੀ ਦਾ ਫਿਕਰ, ਪੰਜਾਬੀ ਕਾਲ ਆਪਣੀ ਸੁਹਿਰਦ ਪ੍ਰਤੀਬੱਧਤਾ, ਸਿੱਖ ਪੰਥ 'ਚ ਆ ਰਹੇ ਨਿਘਾਰ, ਪੰਜਾਬ ਅਤੇ ਹੋਰਨਾਂ ਸੂਬਿਆਂ 'ਚ ਨਸ਼ਿਆਂ ਨਾਲ ਹੋ ਰਹੀਆਂ ਮੌਤਾਂ ਚਿੰਤਾ ਪ੍ਰਗਟ ਕੀਤੀ। ਬੀ. ਏ. ਭਾਗ ਦੂਜਾ ਦੀ ਵਿਦਿਆਰਥਣ ਇੰਦਰਪ੍ਰੀਤ ਕੌਰ ਨੇ 'ਮੌਤ ਵੱਲ ਵਧਦੇ ਕਦਮ' ਲਘੂ ਨਾਟਕ ਦਾ ਮੰਚਨ ਕੀਤਾ। ਇਹ ਨਾਟਕ 'ਪੰਜਾਬੀ ਨੌਜਵਾਨੀ ਦਾ ਨਸ਼ਿਆਂ 'ਚ ਗਰਕ ਹੋ ਕੇ ਅਪਰਾਧ ਦੀ ਹਨ੍ਹੇਰ ਗਲੀ ਗੁੰਮ ਹੋ ਜਾਣ ਦੀ ਕਥਾ ਸੁਣਾਉਂਦਾ ਹੈ।"

ਪੰਜਾਬੀ ਦੇ ਵਿਦਿਆਰਥੀਆਂ ਨੇ ਵੀਹਵੀਂ ਸਦੀ ਦੇ ਮਹਾਨ ਸਾਹਿਤਕਾਰਾਂ ਦੀ ਯਾਦ ਉਦੋਂ ਤਾਜ਼ਾ ਕਰਵਾ ਦਿੱਤੀ ਜਦੋਂ ਇਹ ਵਿਦਿਆਰਥੀ, ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ ਅਤੇ ਅਜੀਤ ਕੌਰ ਦੇ ਪਹਿਰਾਵੇ ਅਤੇ ਅਸਰੋ-ਅੰਦਾਜ਼ ਨਾਲ ਹਾਲ 'ਚ ਸਰੋਤਿਆਂ ਦੇ ਰੂ-ਬ-ਰੂ ਹੋਏ।



ਤਾੜੀਆਂ ਦੀ ਗੂੰਜ ’ਚ ਇਨ੍ਹਾਂ ਵਿਦਿਆਰਥੀ ਨੇ ਉਪਰੋਕਤ ਲੇਖਕਾਂ ਦੇ ਅੰਦਾਜ਼ ’ਚ ਉਨ੍ਹਾਂ ਦੀਆਂ ਰਚਨਾਵਾਂ ਸੁਣਾਈਆਂ। ਇਨ੍ਹਾਂ ਵਿਦਿਆਰਥੀਆਂ ਦੀ ਪ੍ਰਤਿਭਾ ਅਤੇ ਮੌਲਿਕ ਰਚਨਾਵਾਂ ਦੀ ਕਾਲਜ ਪ੍ਰਿੰਸੀਪਲ ਡਾ. ਕੰਵਰਜੀਤ ਕੌਰ ਨੇ ਭਰਵੀਂ ਪ੍ਰਸ਼ੰਸਾ ਕੀਤੀ।

ਵਿਦਿਆਰਥੀਆਂ ਦੀਆਂ ਮੌਲਿਕ ਰਚਨਾਵਾਂ ’ਚ ਇੰਦਰਜੀਤ ਕੌਰ, ਮੀਤਾ ਸ਼ਰਮਾ ਅਤੇ ਰੁਪਿੰਦਰ ਕੌਰ ਨੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਇਸ ਕਾਵਿ-ਮੁਕਾਬਲੇ ’ਚ ਵਿਸ਼ੇਸ਼ ਸਨਮਾਨ ਆਸ ਕੌਰ ਅਤੇ ਇਸ਼ਪ੍ਰੀਤ ਕੌਰ ਨੂੰ ਦਿੱਤਾ ਗਿਆ। ਪੰਜਾਬੀ ਵਿਭਾਗ ਦੇ ਸਮੂਹ ਅਧਿਆਪਕਾਂ ਨੇ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਦੀ ਤਾਰੀਫ਼ ਕੀਤੀ ਅਤੇ ਯਾਦਗਾਰੀ ਚਿੰਨ੍ਹ ਨਾਲਸਵਾਗਤ ਕੀਤਾ।

‘ਆਰਸੀ’ ਕਨਵੀਨਰ ਡਾ. ਵਿਨਾਕਸ਼ੀ ਸ਼ਰਮਾ ਜਿਨ੍ਹਾਂ ਇਸ ਪ੍ਰੋਗਰਾਮ ਦੀ ਇਹ ਵਿਲੱਖਣ ਰੂਪ ਰੇਖਾ ਤਿਆਰ ਕੀਤੀ, ’ਚ ਵਿਭਾਗ ਦੀ ਸੀਨੀਅਰ ਅਧਿਆਪਕਾ ਅਮਰਜੀਤ ਕੌਰ, ਡਾ. ਗੁਰਜੀਤ ਕੌਰ, ਡਾ. ਇਕਬਾਲ ਕੌਰ, ਡਾ. ਜਗਜੀਤ ਕੌਰ, ਡਾ. ਹਰਵਿੰਦਰ ਔਲਖ, ਡਾ. ਅਮਰਜੀਤ ਕੌਰ ਤੇ ਡਾ. ਹਰਵਿੰਦਰ ਸਿੰਘ ਨੇ ਸ਼ਮੂਲੀਅਤ ਕੀਤੀ। ਮੰਚ ਸੰਚਾਲਨ ਸਵਰਨ ਕੌਰ ਅਤੇ ਸਹਿਯੋਗੀ ਵਿਦਿਆਰਥੀਆਂ ਨੇ ਕੀਤਾ।





ਭਾਈ ਵੀਰ ਸਿੰਘ ਕੁਇਜ਼ ਜੇਤੂਆਂ ਨਾਲ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ




ਡਾ. ਰਵੀ ਭਾਸ਼ਣ




ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਤੋਂ ਆਏ ਡਾ. ਰਵਿੰਦਰ ਰਵੀ ਨੂੰ ਜੀ ਆਇਆਂ ਨੂੰ ਆਖਦਾ ਕਾਲਜ ਦਾ ਪੰਜਾਬੀ ਵਿਭਾਗ।




ਪ੍ਰੋਗਰਾਮ ਸੰਚਾਲਨ ਕਰਦਿਆਂ ਆਰਸੀ ਦੀ ਪ੍ਰਧਾਨ ਸਵਰਨ ਤੇ ਮੀਤ ਪ੍ਰਧਾਨ ਕਮਲਜੀਤ




ਨਸ਼ਿਆਂ 'ਤੇ ਲਘੂ ਨਾਟਕ ਪੇਸ਼ ਕਰਦੇ ਬੀ.ਏ. ਦੂਜਾ ਪੰਜਾਬੀ ਆਨਰਜ਼ ਦੇ ਕਲਾਕਾਰ




ਯਾਦਗਾਰੀ ਤਸਵੀਰ ਲਈ ਕਾਲਜ ਪ੍ਰਿੰ. ਡਾ. ਹਰਪ੍ਰੀਤ ਕੌਰ ਤੇ ਕਾਲਜ ਪੰਜਾਬੀ ਵਿਭਾਗ




ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰ ਡਾ. ਰਵੇਲ ਸਿੰਘ ਤਕਰੀਰ ਮੌਕੇ



ਵਿਸ਼ਵ ਪ੍ਰਸਿੱਧ ਕਹਾਣੀਕਾਰ ਅਜੀਤ ਕੌਰ ਨੂੰ ਵਿਦਿਆਰਥੀਆਂ ਦੇ ਰੂਬਰੂ ਕਰਵਾਉਂਦੇ
'ਅਜੀਤ ਕੌਰ: ਕਥਾ-ਮਨੋਵਿਸ਼ਲੇਸ਼ਣ' ਕਰਤਾ ਡਾ. ਵਿਨਾਕਸ਼ੀ ਸ਼ਰਮਾ

ਯੁੱਗ ਪੁਰਸ਼



# ਸ੍ਰੀ ਗੁਰੂ ਨਾਨਕ ਦੇਵ ਜੀ

ਦੇ

## 550 ਸਾਲਾ ਪ੍ਰਕਾਸ਼ ਪੁਰਬ

ਅਰਧ ਸ਼ਤਾਬਦੀ ਦੀ

## ਬਹੁਤ-ਬਹੁਤ ਵਧਾਈ



ਨਨਕਾਣਾ ਸਾਹਿਬ, ਪਾਕਿਸਤਾਨ